2 ਜੂਨ ਦੀ ਬਰਨਾਲਾ ਵਿਖੇ ਸੰਵਿਧਾਨ ਬਚਾਓ ਰੈਲੀ ਸੰਬੰਧੀ ਵਰਕਰਾਂ 'ਚ ਭਾਰੀ ਉਤਸ਼ਾਹ : ਵਿਧਾਇਕ ਕੁਲਦੀਪ ਕਾਲਾ ਢਿੱਲੋਂ

ਯਾਦਵਿੰਦਰ ਸਿੰਘ ਤਪਾ/ਅਜਯਪਾਲ ਸਿੰਘ ਸੁਰੀਆ

ਤਪਾ ਮੰਡੀ/30 ਮਈ : 2 ਜੂਨ ਨੂੰ

ਬਰਨਾਲਾ ਵਿਖੇ ਸੰਵਿਧਾਨ ਬਚਾਓ ਰੈਲੀ ਅਨਾਜ ਮੰਡੀ 'ਚ ਸ਼ਾਮ 4 ਵਜੇ ਕੀਤੀ ਜਾ ਰਹੀ ਹੈ, ਜਿਸ ਲਈ ਕਾਂਗਰਸ ਦੇ ਵਰਕਰਾਂ ਵੱਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ।

ਇਹ ਵਿਚਾਰ ਕਾਂਗਰਸੀ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਇਥੇ ਇੱਕ ਸਮਾਗਮ 'ਚ ਸ਼ਮੂਲੀਅਤ ਕਰਨ ਉਪਰੰਤ ਪ੍ਰੈਸ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਕਾਂਗਰਸ ਵਰਕਰਾਂ ਵਿੱਚ ਇਸ ਵਿਸ਼ੇ 'ਤੇ ਭਾਰੀ ਉਤਸ਼ਾਹ ਹੈ ਕਿਉਂਕਿ ਮੋਦੀ ਸਰਕਾਰ ਸੰਵਿਧਾਨ ਵਿੱਚ ਛੇੜਛਾੜ ਕਰ ਰਹੀ ਹੈ ਤੇ ਖਾਸ ਮੁਦਿਆਂ ਤੇ ਸੰਵਿਧਾਨ ਵਿੱਚ ਤਬਦੀਲੀ ਕਰ ਰਹੀ ਹੈ ਜੋ ਕਿ ਲੋਕਤੰਤਰ ਲਈ ਭਾਰੀ ਖਤਰਾ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਅਸਿਹੀਆਂ ਤਬਦੀਲੀਆਂ ਨੂੰ ਕਿਸੇ ਕੀਮਤ ਤੇ ਬਰਦਾਸਤ ਨਹੀਂ ਕਰੇਗੀ। ਉਨ੍ਹਾਂ ਪੰਜਾਬ ਸਰਕਾਰ ਦੀ ਵੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਨੇ 2022 ਦੀ ਵਿਧਾਨ ਸਭਾ ਚੋਣ ਸਮੇਂ ਜੋ ਲੋਕਾਂ ਨਾਲ ਵਾਅਦੇ ਕੀਤੇ ਸਨ, ਉਹ ਪੂਰੇ ਨਹੀਂ ਕੀਤੇ ਗਏ। ਉਨ੍ਹਾਂ ਕਿਹਾ ਕਿ ਔਰਤਾਂ ਨੂੰ 1 ਹਜਾਰ ਰੁਪਏ ਪ੍ਰਤੀ ਮਹੀਨਾਂ ਸਹਾਇਤਾ ਰਾਸ਼ੀ ਦੇਣ ਤੋਂ ਭੱਜ ਰਹੀ ਹੈ ਅਤੇ ਸਰਕਾਰ ਦੇ ਤਿੰਨ ਸਾਲ ਤੋਂ ਉਪਰ ਸਮਾਂ ਬੀਤ ਗਿਆ ਹੈ। ਸੂਬੇ 'ਚ ਅਮਨ ਕਾਨੂੰਨ ਦੀ ਸਥਿਤੀ ਅਤਿਅੰਤ ਬੁਰੀ ਹੈ ਅਤੇ ਥਾਂ-ਥਾਂ ਤੇ ਬਦਅਮਲ ਗੱਲਾਂਆਂ ਚਲਾ ਰਹੇ ਹਨ ਤੇ ਫਿਰੌਤੀਆਂ ਦੀ ਮੰਗ ਕਰ ਰਹੇ ਹਨ।

ਇਸ ਨੂੰ ਸਰਕਾਰ ਕੰਟਰੋਲ ਕਰਨ 'ਚ ਨਾਕਾਮ ਰਹੀ ਹੈ।

ਇਸ ਮੌਕੇ ਸਾਬਕਾ ਚੇਅਰਮੇਨ ਅਮਰਜੀਤ ਸਿੰਘ ਧਾਲੀਵਾਲ, ਕਾਂਗਰਸੀ ਆਗੂ ਮੁਨੀਸ਼ ਬਾਂਸਲ, ਹੈਪੀ ਸਿੰਗਲਾ ਨਿੰਜੀ ਹਾਇਕ, ਗੁਰਮੇਲ ਸਿੰਘ ਮੋਡ, ਜੱਜੀ ਚੋਣਾ, ਕਰਮਜੀਤ ਬਿੱਲੂ, ਗਿਰਧਰ ਸਿੰਘ ਮੀਡੀਆ ਇੰਚਾਰਜ ਆਦਿ ਵਰਕਰ ਹਾਜਰ ਸਨ।

ਡੇਂਗੂ ਦੀ ਰੋਕਥਾਮ ਸਬੰਧੀ ਸਿਹਤ ਵਿਭਾਗ ਵੱਲੋਂ ਕੀਤਾ ਜਾ ਰਿਹੈ ਜਾਗਰੂਕ

ਬਲਜੀਤ ਸਿੰਘ ਖੀਵਾ/ਰਾਜ ਬਾਧਰ

ਕੋਟਕਪੂਰਾ/ਫਿਰੋਜ਼ ਮਲੁਹੋਤਰਾ/30 ਮਈ : ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਤਹਿਤ ਡਾਕਟਰ ਚੰਦਰਸ਼ੇਖਰ ਕੱਕੜ ਸਿਵਿਲ ਸਰਜਨ ਫਰੀਦਕੋਟ, ਡਾਕਟਰ ਹਰਿਦਰ ਗਾਂਧੀ ਐਮਐਚਓ ਸਿਵਲ ਹਸਪਤਾਲ ਕੋਟਕਪੂਰਾ ਦੀ ਅਗਵਾਈ ਹੇਠ ਅੱਜ ਕੋਟਕਪੂਰਾ ਵਿਖੇ ਵੱਖ-ਵੱਖ ਥਾਵਾਂ ਤੇ ਡਰਾਈ ਡੇ ਫਰਾਈਡੇ ਬਣਾਇਆ ਗਿਆ ਜਿਸ ਦੌਰਾਨ ਦੇਵੀ ਵਾਲਾ ਰੋਡ ਵਿਖੇ ਗਲੀ ਨੰਬਰ ਇੱਕ ਤੇ ਦੇ ਵਿੱਚ ਡੇਂਗੂ ਦੀ ਰੋਕਥਾਮ ਸਬੰਧੀ ਅਤੇ ਹੋਰ ਬਿਮਾਰੀਆਂ ਦੇ ਬਚਾਅ ਲਈ ਜਾਗਰੂਕ ਕੀਤਾ ਗਿਆ। ਜਿਸ ਦੀ ਅਗਵਾਈ ਗਗਨਦੀਪ ਮੁੱਕਰ ਹੈਲਥ ਵਰਕਰ ਅਤੇ ਪਲਵਿੰਦਰ ਕੌਰ ਆਸ਼ਾ ਵਰਕਰ ਆਧਾਰਿਤ ਟੀਮ ਵੱਲੋਂ ਜਿਸ ਵਿੱਚ ਮਨਪ੍ਰੀਤ ਕੌਰ, ਜਸਵਿੰਦਰ ਕੌਰ, ਰਣਦੀਪ ਕੌਰ, ਬਰੀਡ ਚੌਕਰ ਪਰਮਿੰਦਰ ਸਿੰਘ, ਸਮੇਤ ਬਾਬਾ ਸ਼ੇਖ ਫਰੀਦ ਕਾਲਜ ਦੀਆਂ ਵਿਦਿਆਰਥਣਾਂ ਵੀ ਹਾਜਰ ਸਨ। ਟੀਮ ਵੱਲੋਂ ਦੱਸਿਆ ਗਿਆ ਕਿ ਬੂਟਿਆਂ ਵਿਚ ਘਟ ਤੋਂ ਘਟ ਪਾਣੀ ਪਾਵੋ ਅਤੇ ਪਾਣੀ ਨੂੰ ਜਮਾਂ ਨਾ ਹੋਣ ਦੇਵੋਂ।

ਪਵਨ ਕੁਮਾਰ ਟੀਨੂ ਨੇ ਚੇਅਰਮੈਨ ਦਾ ਅਹੁਦਾ ਸੰਭਾਲਿਆ

ਕਰਮਵੀਰ ਸਿੰਘ

ਆਦਮਪੁਰ/30 ਮਈ : ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਜਲੰਧਰ ਦੇ ਜੁਝਾਰੂ ਨੇਤਾ ਸਾਬਕਾ ਹਲਕਾ ਵਿਧਾਇਕ ਆਦਮਪੁਰ ਪਵਨ ਕੁਮਾਰ ਟੀਨੂੰ ਨੂੰ ਪੰਜਾਬ ਸਟੇਟ ਖੇਤੀਬਾੜੀ ਡਿਵੈਲਪਮੈਂਟ ਬੋਰਡ ਦੇ ਚੇਅਰਮੇਨ ਬਣਾਇਆ ਗਿਆ ਸੀ।ਉਹਨਾਂ ਵੱਲੋਂ ਚੰਡੀਗੜ੍ਹ ਦਫਤਰ ਵਿਖੇ ਪੰਜਾਬ ਸਹਿਕਾਰੀ ਖੇਤੀਬਾੜੀ ਵਿਕਾਸ ਬੋਰਡ ਦੇ ਪੰਜਾਬ ਦੇ ਚੇਅਰਮੇਨ ਦਾ ਅਹੁਦਾ ਸੰਭਾਲਣ ਮੌਕੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਹਰਪਾਲ ਚੀਮਾ ਅਤੇ ਅਮਨ ਅਰੋੜਾ, ਬਲਵੀਰ ਸਿੰਘ ਬਿੱਟੂ ਸੀਨੀਅਰ ਡਿਪਟੀ ਮੇਅਰ ਜਲੰਧਰ, ਪਰਮਜੀਤ ਸਿੰਘ ਰਾਜਵੱਲ ਚੇਅਰਮੇਨ ਮਾਰਕੀਟ ਕਮੇਟੀ ਆਦਮਪੁਰ ਵਿਸ਼ੇਸ਼ ਤੌਰ ਤੇ ਪਹੁੰਚੇ। ਉਹਨਾਂ ਵੱਲੋਂ ਪਵਨ ਕੁਮਾਰ ਟੀਨੂੰ ਨੂੰ ਚੇਅਰਮੇਨ ਦਾ ਅਹੁਦਾ ਸੰਭਾਲਣ ਮੌਕੇ ਉਹਨਾਂ ਨੂੰ ਵਧਾਈ ਦਿੱਤੀ। ਪਵਨ ਕੁਮਾਰ ਟੀਨੂ ਵੱਲੋਂ ਵੀ ਉਹਨਾਂ ਦਾ ਕਿ ਇਸ ਮੌਕੇ ਤੇ ਪਹੁੰਚਣ ਤੇ ਧੰਨਵਾਦ ਕੀਤਾ ਗਿਆ ਤੇ ਵਿਸ਼ਵਾਸ ਦਵਾਇਆ ਗਿਆ ਕੀ ਜੋ ਜਿੰਮੇਵਾਰ ਪਾਰਟੀ ਨੇ ਮੋਰੇ ਤੇ ਕੀਤਾ ਹੈ ਮੈਂ ਉਸ ਨੂੰ ਪੂਰੀ ਤਰਹਦੀਹੀ ਨਾਲ ਨਿਭਾਵਾਂਗਾ। ਇਸ ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਕੀਰਤ ਸਿੰਘ ਭੋਲਾ, ਅਮਨਦੀਪ ਸਿੰਘ ਪੰਚ, ਸਰਪੰਚ ਲਖਵੀਰ ਸਿੰਘ, ਅਮੂਲ ਨੁਪੀ, ਜੰਸਾ ਸਿਮਵਾਲ, ਰਾਜਾ ਡਰੋਲੀ, ਇੰਦਰਜੀਤ ਸਿੰਘ ਸੰਤੋਵਾਲੀ, ਪ੍ਰਿਥੀਪਾਲ, ਜੋਗੀ ਗਾਂਧੀ, ਨਿੰਮਾ ਜਲੰਧਰ, ਚਰਨਜੀਤ ਸੇਰੀ, ਸੁਖਜੇਤ ਭੋਲਾ, ਜਸਦਿਆਲ ਭੋਗਪੁਰ ਅਤੇ ਹੋਰ ਹਾਜ਼ਰ ਸਨ।

ਅਰੂਣ ਜੀ ਮਹਾਰਾਜ ਦੇ ਜਨਮ-ਦਿਨ 'ਤੇ ਜ਼ੀਰਾ ਸ਼ਹਿਰ 'ਚ ਕੱਢੀ ਸ਼ੋਭਾ ਯਾਤਰਾ

ਹਰਨਾਮ ਸਿੰਘ ਵਧਾਵਨ

ਜ਼ੀਰਾ/30 ਮਈ : ਪੰਜਾਬ ਥੀ ਆਣ ਬਾਣ ਸ਼ਾਨ ਅਰੋੜ ਵੰਸ਼ ਮਹਾਂ ਸਭਾ ਨੇ ਕੱਛੀ ਅਰੂਣ ਜੀ ਮਹਾਰਾਜ ਦੇ ਜਨਮ ਦਿਨ ਤੇ ਸ਼ੋਭਾ ਯਾਤਰਾ ਇਸ ਸ਼ੋਭਾ ਯਾਤਰਾ ਦੀ ਸ਼ੋਭਾ ਵਧਾਉਣ ਲਈ ਅਰੋੜਾ ਬਰਾਦਰੀ ਨੇ ਅਤੇ ਸ਼ਹਿਰ ਦੀਆਂ ਨਾਮੀ ਸੰਸਥਾਵਾਂ ਨੇ ਸ਼ਿਕਰਤ ਕੀਤੀ ਇਸ ਸ਼ੋਭਾ ਯਾਤਰਾ ਦੀ ਅਗਵਾਈ ਚਰਨਜੀਤ ਸਿੰਘ ਸਿੱਕੀ ਜੀਰਾ ਪ੍ਰਧਾਨ ਪੰਜਾਬ ਭਾਰਤ ਅਤੇ ਹਾਕਮ ਸਿੰਘ ਅਰੋੜਾ ਸ਼ਹਿਰੀ ਪ੍ਰਧਾਨ ਨੇ ਕੀਤੀ।

ਉਹਨਾਂ ਨੇ ਕਿਹਾ ਕਿ ਸਮਾਜ ਨੂੰ ਉੱਚਾ ਚੱਕਣ ਲਈ ਸਾਨੂੰ ਜਰੋਤਿਆ ਤੋਂ ਜਾਣੂ ਕਰਵਾਉਣਾ ਸਮੇਂ ਦੇ ਨਾਲ ਮੁੱਖ ਲੋੜ ਹੈ ਸਿੱਕੀ ਨੇ ਕਿਹਾ ਕਿ ਮਹਾਰਾਜ ਦਾ ਮੰਦਰ ਜੀਰਾ ਵਿਖੇ ਜਾ ਪੰਜਾਬ ਦੇ ਕਿਸੇ ਸੈਂਟਰ ਪਲੇਸ ਤੇ ਸਥਾਪਿਤ ਕੀਤਾ ਜਾਵੇਗਾ ਇਹ ਪੰਜਾਬ ਦਾ ਇਤਿਹਾਸਿਕ ਮੰਦਰ ਹੋਵੇਗਾ ਇਹਨਾਂ ਨਾਲ ਚਾਂਦ ਅਰੋੜਾ ਪ੍ਰਧਾਨ ਯੂਥ ਵਿੰਗ ਜੀਰਾ ਸਤਿੰਦਰ ਸੱਚਦੇਵਾ ਮੈਂਬਰ ਲੋਕ ਅਦਾਲਤ ਮੋਗਾ, ਭੁਸ਼ਨ ਕੁਮਾਰ ਜੁਨੇਜਾ ਮੁੱਖ ਸਲਾਹਕਾਰ ਪੰਜਾਬ ਭਾਰਤ ਅਸ਼ੋਕ ਕੁਮਾਰ ਮਿਆਸੀ ਸਲਾਹਕਾਰ ਜੀਰਾ, ਸੁਖਦੇਵ ਸਿੰਘ ਬੰਬਰ ਮੁੱਖ ਸਲਾਹਕਾਰ ਪੰਜਾਬ ਨੰਨਾ ਅਰੋੜਾ ਸੀਨੀਅਰ ਮੀਤ ਪ੍ਰਧਾਨ ਪੰਜਾਬ ਯੂਥ ਵਿੰਗ ਕੁਲਭੂਸ਼ਣ ਸ਼ਰਮਾ ਪ੍ਰਧਾਨ, ਗੁਰਦਾਸ ਸ਼ਰਮਾ ਪ੍ਰਧਾਨ ਥੁਮਣ ਸਭਾ, ਬਖਸ਼ੀਸ਼ ਸਿੰਘ ਅਰੋੜਾ, ਮਨਪ੍ਰੀਤ ਸਿੰਘ ਰਾਜੂ ਅਰੋੜਾ, ਬਲਵਿੰਦਰ ਸਿੰਘ ਸਿੱਕੀ ਪੰਜਾਬ ਪੇਟ ਵਾਲੇ, ਅਮਨ ਗਰੇਵਰ ਮੀਤ ਪ੍ਰਧਾਨ, ਅਮਨ ਅਰੋੜਾ ਵਾਲੇ ਸੁਰਿਦਰ ਸਿੰਘ ਬੋਦੀ ਗੁਰਪ੍ਰੀਤ ਸਿੰਘ ਜੱਜ ਪ੍ਰਧਾਨ ਨਾਲ ਕੌਸਲ ਜੀਰਾ ਮਨਜੀਤ ਸਿੰਘ ਰਾਏ ਬੀ ਜੇਪੀ, ਮਹਿੰਦਰ ਪਾਲ ਬੈਂਕ ਵਾਲੇ, ਜੁਗਲ ਕਿਸ਼ੋਰ ਅਰੋੜਾ, ਅਸ਼ੋਕ ਹੰਸ ਅਰੋੜਾ, ਪੂਰਨ ਸਿੰਘ ਅਰੋੜਾ ਆਦਿ ਹਾਜ਼ਰ ਸਨ।

ਈਟੀਟੀ ਟੀਚਰਜ਼ ਯੂਨੀਅਨ ਵੱਲੋਂ ਵਿਧਾਇਕ ਜਗਦੀਪ ਕੰਬੋਜ ਗੋਲਡੀ ਦੀ ਹਾਜ਼ਰੀ 'ਚ ਐਸਡੀਐਮ ਤੇ ਸਿੱਖਿਆ ਅਫ਼ਸਰਾਂ ਨਾਲ ਮੀਟਿੰਗ

ਵਿਧਾਇਕ ਗੋਲਡੀ ਨੂੰ ਦਿੱਤਾ ਮੰਗ-ਪੱਤਰ

ਕੇਵਲ ਕ੍ਰਿਸ਼ਨ ਕੰਬੋਜ

ਜਲਾਲਾਬਾਦ/30 ਮਈ : ਈ.ਟੀ.ਟੀ ਟੀਚਰਜ਼ ਯੂਨੀਅਨ ਜਿਲ੍ਹਾ ਫਾਜ਼ਿਲਕਾ ਦੀ ਮੀਟਿੰਗ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਢਾਬਾਂ, ਮਾਲਵਾ ਜੋਨ ਦੇ ਸੀਨੀਅਰ ਮੀਤ ਪ੍ਰਧਾਨ ਅਮਰਜੀਤ ਸਿੰਘ ਬਿੱਟੂ ਅਤੇ ਬਲਾਕ ਪ੍ਰਧਾਨ ਸੌਨੂੰ ਕਪੂਰ ਦੀ ਅਗਵਾਈ ਹੇਠ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਦੀ ਹਾਜਰੀ ਵਿਚ ਹੋਈ। ਇਸ ਮੌਕੇ ਜਲਾਲਾਬਾਦ ਦੇ ਐਸ.ਡੀ.ਐਮ ਸ਼੍ਰੀ ਕੇਵਲਜੀਤ ਸਿੰਘ ਮਾਨ, ਜ਼ਿਲ੍ਹਾ ਸਿੱਖਿਆ ਅਫਸਰਜ਼ ਸਤੀਸ਼ ਕੁਮਾਰ, ਬਲਾਕ ਜਲਾਲਾਬਾਦ-1 ਦੇ ਬੀ.ਪੀ.ਈ.ਓ. ਜਸਪਾਲ ਸਿੰਘ, ਬਲਾਕ ਗੁਰੂਹਰਸਹਾਏ-3 ਦੇ ਬੀ.ਪੀ.ਈ.ਓ. ਸ੍ਰੀਮਤੀ ਸੁਸ਼ੀਲ ਕੁਮਾਰੀ, ਬਲਾਕ ਜਲਾਲਾਬਾਦ-2 ਦੇ ਬੀ.ਪੀ.ਈ.ਓ. ਨਰਿਦਰ ਸਿੰਘ, ਬਲਾਕ ਅਬੋਹਰ-2 ਦੇ ਬੀ.ਪੀ.ਈ.ਓ. ਭਾਰਾ ਰਾਮ, ਫਾਜਿਲਕਾ-01 ਦੇ ਬੀ.ਪੀ.ਈ.ਓ. ਸੁਨੀਲ ਕੁਮਾਰ ਅਤੇ ਕਲੈਰੀਕਲ ਇਸਟਾਫ ਤੋਂ ਵੀ ਮੁਲਾਜ਼ਮ ਹਾਜਰ ਸਨ। ਇਸ ਮੀਟਿੰਗ ਸਬੰਧੀ ਜਾਣਕਾਰੀ ਦਿਦੇ ਹੋਏ ਅਧਿਆਪਕ ਆਗੂ ਗੁਰਮੀਤ ਸਿਘ ਢਾਬਾ ਨੇ ਦੱਸਿਆ ਕਿ ਮੀਟਿਗ ਵਿਚ ਸੰਬੰਬੇਦੀ ਵੱਲੋਂ ਮੰਗ ਰੱਖੀ ਗਈ ਕਿ ਜ਼ਿਲ੍ਹਾ ਪ੍ਰੋਜ਼ੈਕਟ ਅਧੀਨ ਕੰਮ ਕਰਕੇ ਚੁੱਕੇ ਅਧਿਆਪਕਾਂ ਦੀ 2016 ਤੋਂ ਪੇ-ਅਨਾਮਲੀ ਬਣਦੀ ਹੈ, ਜੋ ਅਜੇ ਤੱਕ ਪੈਂਡਿੰਗ ਹੈ, ਜਦੋਂਕਿ ਜ਼ਿਲ੍ਹਾ ਮੁਕਤਸਰ, ਮਾਨਸਾ, ਫਰੀਦਕੋਟ ਵਿੱਚ ਲੱਗ ਚੁੱਕੀ ਹੈ। ਜ਼ਿਲ੍ਹਾ ਫਾਜ਼ਿਲਕਾ ਅਧੀਨ ਈ.ਟੀ.ਟੀ ਟੀਚਰਜ਼ ਯੂਨੀਅਨ ਵੱਲੋਂ ਵਾਰ ਵਾਰ ਮੰਗ ਕਰਨ ਦੇ ਬਾਵਜੂਦ ਵੀ ਪੇ-ਅਨਾਮਲੀ ਨਹੀਂ ਲੱਗੀ। ਇਸ ਲਈ ਯੂਨੀਅਨ ਵੱਲੋਂ ਪਿਛਲੇ ਦਿਨੀਂ ਸੂਬਾ ਪ੍ਰਧਾਨ ਜਰਸੀਜ ਸਿਘ ਸਹੋਤਾ ਦੀ ਅਗਵਾਈ ਵਿੱਚ ਵੀ ਜਲਾਲਾਬਾਦ ਵਿੱਚ ਵੱਡਾ ਇਕੱਠ ਕੀਤਾ ਗਿਆ ਸੀ ਅਤੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੂੰ ਮੰਗ ਪੱਤਰ ਸੌਪਿਆ ਗਿਆ ਸੀ, ਇਸ ਸਮੇਂ ਵਿਧਾਇਕ ਗੋਲਡੀ ਨੇ ਡੀਈਓ ਅਤੇ ਬੀਪੀਈਓ ਨਾਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ ਸੀ। ਜਿਸ ਤਹਿਤ ਉਹਨਾਂ ਦੀ ਵਿਧਾਇਕ ਜਗਦੀਪ ਕੰਬੋਜ ਗੋਲਡੀ ਦੀ ਹਾਜ਼ਰੀ ਵਿੱਚ ਮੀਟਿੰਗ ਕੀਤੀ ਗਈ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਸੁਨੀਲ ਕੁਮਾਰ ਗਾਬਾ, ਜ਼ਿਲ੍ਹਾ ਸਰਪ੍ਰਸਤ ਸੁਭਜੀਤ ਸਿੰਘ, ਤਹਿਸੀਲ ਪ੍ਰਧਾਨ ਸ਼ਗਨ ਸਿੰਘ, ਜਨਰਲ ਸਕੱਤਰ ਸੁਰਜੀਤ ਸਿੰਘ ਪਾਲੀਵਾਲਾ, ਜਨਰਲ ਸਕੱਤਰ ਅੰਗਰੇਜ਼ ਸਿੰਘ, ਬਲਾਕ ਪ੍ਰਧਾਨ ਜਗਮੀਤ ਸਿੰਘ ਢਾਬਾਂ, ਸੀਨੀਅਰ ਮੀਤ ਪ੍ਰਧਾਨ ਜੋਗਿੰਦਰ ਸਿੰਘ ਲਮੋਚੜ, ਰਾਜ ਕੁਮਾਰ ਟਰਿਮਾ, ਕੇਸ਼ਮਿਲ ਜਨਕ ਰਾਜ, ਬਲਵਿੰਦਰ ਸਿੰਘ, ਗੁਰਮੀਤ ਸਿੰਘ ਸੌਨੂੰ, ਲਾਲ ਸਿੰਘ, ਭਗਵਾਨ ਦਾਸ, ਸ਼ਮਸ਼ੇਰ ਸਿੰਘ, ਸੁਖਵਿੰਦਰ ਸਿੰਘ ਭੱਟੀ, ਬਲਕਾਰ ਸਿੰਘ, ਮਨਪ੍ਰੀਤ ਸਿੰਘ, ਗੁਰਦੇਸ਼ ਸਿੰਘ, ਜੋਗਿੰਦਰ ਸਿੰਘ ਫਲੀਆਂ ਵਾਲੇ, ਕਿਲਰ ਸਿੰਘ ਫਲੀਆਂ ਵਾਲੇ, ਕੋਸ਼ਲ ਲਮੋਚੜ, ਗੁਰਮੀਤ ਸਿੰਘ, ਅਮਨ ਛਾਬੜਾ, ਰਮਨੀਸ਼ ਕੁਮਾਰ, ਕਰਨ ਜੁਨੇਜਾ, ਰਾਜਨ ਨਾਰਾਪਾਲ, ਟੋਨੀ ਸਿੰਘ, ਸਿਦੀਪ ਕੁਮਾਰ, ਬਲਵਿੰਦਰ ਸਿੰਘ, ਰੂਪ ਸਿੰਘ, ਗਗਨਦਲੀਪ ਸਿੰਘ, ਸੁਖੇਸ਼ ਸਿੰਘ, ਕਿਲਰ ਸਿੰਘ, ਜਗਜੀਤ ਸਿੰਘ, ਸਤਨਾਮ ਸਿੰਘ, ਮੁਖਤਿਆਰ ਸਿੰਘ, ਦਵਿੰਦਰਪਾਲ ਸਿੰਘ, ਗੁਰਵਿੰਦਰ ਸਿੰਘ, ਕੁਲਵੰਤ ਸਿੰਘ, ਪਰਮਜੀਤ ਸਿੰਘ, ਮਨੀਸ਼ ਕੁਮਾਰ, ਰਾਹੁਲ ਕੁਮਾਰ ਆਦਿ ਮੌਜੂਦ ਸਨ।

ਝੋਨੇ ਦੀ ਸਿੱਧੀ ਬਿਜਾਈ ਸੰਬੰਧੀ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਲਾਇਆ

ਸਾਉਣੀ ਦੀ ਮੱਕੀ 'ਤੇ ਪ੍ਰਤੀ ਏਕੜ 4 ਹਜ਼ਾਰ ਰੁਪਏ 'ਤੇ ਸਿੱਧੀ ਬਿਜਾਈ ਤੇ ਪ੍ਰਤੀ ਏਕੜ 1500 ਰੁਪਏ ਪ੍ਰੋਤਸਾਹਨ ਰਾਸ਼ੀ ਮਿਲੇਗੀ

ਹਰਜਸਨ

ਪੱਟੀ/30 ਮਈ : ਮੁੱਖ ਖੇਤੀਬਾੜੀ ਅਫਸਰ ਤਰਨ ਤਰਨ ਡਾ. ਜਸਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੁਆਰਾ ਝੋਨੇ, ਬਾਸਮਤੀ ਦੀ ਸਿੱਧੀ ਬਿਜਾਈ ਅਪਣਾਉਣ ਵਾਲੇ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਦੇਣ ਹਿੱਤ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਦਾ ਆਯੋਜਨ ਪੱਟੀ ਵਿਖੇ ਕੀਤਾ ਗਿਆ । ਇਸ ਮੌਕੇ ਬਲਾਕ ਖੇਤੀਬਾੜੀ ਅਫਸਰ ਪੱਟੀ ਡਾ. ਭੁਪਿੰਦਰ ਸਿੰਘ, ਗੁਰਬਖਿੰਦਰ ਸਿੰਘ ਏਡੀਓ, ਹਰਮਨਜੀਤ ਸਿੰਘ ਸਿੱਧੂ ਏਡੀਓ, ਮਨੋਜਿਤ ਸਿੰਘ ਏਡੀਓ, ਦਵਿਆਪ੍ਰੀਤ ਸਿੰਘ ਏਡੀਓ, ਗੁਰਪ੍ਰੀਤ ਸਿੰਘ ਬੀਟੀਐਮ ਅਤੇ ਪੀਏਯੂ ਲੁਧਿਆਣਾ ਦੇ ਤਰਨ ਤਾਰਨ ਸਥਿਤ ਜ਼ਿਲ੍ਹਾ ਪ੍ਰਸਾਰ ਮਾਹਿਰ ਡਾ. ਪਰਮਿੰਦਰ ਸਿੰਘ ਸੰਧੂ, ਡਾ. ਪਰਮਿੰਦਰ ਕੌਰ ਅਤੇ ਡਾ. ਸਵਰੀਤ ਖਹਿਰਾ ਨੇ ਝੋਨੇ, ਬਾਸਮਤੀ ਦੀ ਸਿੱਧੀ ਬਿਜਾਈ, ਫਲਦਾਰ ਬੂਟਿਆਂ, ਘਰੇਲੂ ਬਗੀਚੀ ਅਤੇ ਖੇਤੀ ਸਹਾਇਕ ਧੰਦਿਆਂ ਬਾਰੇ ਤਕਨੀਕੀ ਜਾਣਕਾਰੀ ਦਿੱਤੀ । ਇਸ ਮੌਕੇ ਡਾ. ਭੁਪਿੰਦਰ ਸਿੰਘ ਬਲਾਕ ਖੇਤੀਬਾੜੀ ਅਫਸਰ ਪੱਟੀ ਨੇ ਕਿਹਾ ਕਿ ਖੇਤੀ ਦੌਰਾਨ ਕੁਦਰਤ ਨੂੰ ਅਣਗੌਲਿਆਂ ਨਹੀਂ ਕਰਨਾ ਚاہੀਦਾ ਹੈ ਕਿਉਂਕਿ ਮਿੱਟੀ ਦੇ ਉਪਜਾਊਪਣ ਘਟਣ ਨਾਲ ਖਾਦਾਂ ਦੀ ਖਪਤ ਵੱਧ ਜਾਂਦੀ ਹੈ ਜਦ ਕਿ ਪਾਣੀ ਦੇ ਡੂੰਘੇ ਹੋਣ ਨਾਲ ਬਿਜਲੀ ਦੀ ਖਪਤ ਦੇ ਨਾਲ ਨਾਲ ਸਮਰਸੀਬਲ ਮੋਟਰਾਂ ਰਾਹੀ ਕਿਸਾਨੀ ਦੀ ਜੇਬ ਤੇ ਭਾਰੀ ਬੋਝ ਪੈ ਜਾਂਦਾ ਹੈ। ਇਸ ਵਰਤਾਰੇ ਨੂੰ ਰੋਕਣ ਲਈ ਸਾਨੂੰ ਅੰਜਿਹੇ ਢੰਗ ਤਰੀਕੇ ਅਪਣਾਉਣੇ ਚਾਹੀਦੇ ਹਨ ਜਿਸ ਨਾਲ ਕੁਦਰਤੀ ਸੋਮੇ-ਮਿੱਟੀ, ਪਾਣੀ, ਹਵਾ ਅਤੇ ਜੈਵਿਕ ਵੰਨ ਸੁਵੰਨਤਾ ਦੀ ਸਲਾਮਤੀ ਬਣੀ ਰਹੇ। ਇਸ ਨਾਲ 10 ਤੋਂ 20 ਪ੍ਰਤੀਸ਼ਤ ਪਾਣੀ ਦੀ ਬੱਚਤ ਅਤੇ ਬਰਸਾਤਾਂ ਦੌਰਾਨ ਵਾਧੂ ਪਾਣੀ ਇਕਾਰਜ ਹੋ ਜਾਂਦਾ ਹੈ। ਨਾਲ ਦੀ ਨਾਲ ਅਗਲੀ ਬੀਜੀ ਜਾਣ ਵਾਲੀ ਕਣਕ ਦੀ ਬਸਲ ਦਾ ਝਾੜ ਵੀ ਪ੍ਰਤੀ ਏਕੜ ਗਈ ਕਿ ਜੇਕਰ ਕੋਈ ਕਿਸਾਨ